# ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ।

ਖੁੱਲੀ ਬੋਲੀ ਨੋਟਿਸ ...2.4580........ ਮਿਤੀ....7/12/2021

ਵਾਈਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਵੱਲੋਂ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਰਾਹੀਂ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਦੇ ਪਾਰਕਿੰਗ ਸਟੈਂਡ ਦੇ ਸਬੰਧ ਵਿੱਚ ਖੁੱਲੀ ਬੋਲੀ ਰਾਹੀਂ ਪਾਰਕਿੰਗ ਸਟੈਂਡ ਠੇਕਾ ਡੇਲੀਵੇਜ਼ ਦੇ ਆਧਾਰ ਤੇ ਦਿੱਤਾ ਜਾਵੇਗਾ। ਬੋਲੀ ਮਿਤੀ 15.12.2021 ਨੂੰ ਸਵੇਰੇ 11:00 ਵਜੇ ਮੈਡੀਕਲ ਸੁਪਰਡੈਂਟ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ ਵਿਖੇ ਕੀਤੀ ਜਾਵੇਗੀ।

ਚਾਹਵਾਨ ਠੇਕੇਦਾਰ ਮੌਕੇ ਉਪੱਰ ਹਾਜ਼ਰ ਹੋ ਕੇ ਬਿਆਨਾ ਰਕਮ 10,000/- ਰੁਪਏ ਪ੍ਰਤੀ ਇਕ ਜਮ੍ਹਾ ਕਰਵਾਕੇ ਬੋਲੀ ਦੇ ਸਕਦੇ ਹਨ, ਜੋ ਕਿ ਸਫ਼ਲ ਬੋਲੀਕਾਰ ਦੀ ਰਕਮ ਰੱਖਕੇ ਬਾਕੀ ਸਭ ਬੋਲੀਕਾਰਾਂ ਨੂੰ ਮੌਕੇ ਉਪਰ ਹੀ ਵਾਪਿਸ ਕਰ ਦਿੱਤੀ ਜਾਵੇਗੀ।

**ਬੋਲੀ ਲਗਾਉਣ ਲਈ ਸ਼ਰਤਾਂ ਹੇਠ ਲਿਖੇ ਅਨੁਸਾਰ ਹੋਣਗੀਆਂ:-**

1) ਪਾਰਕਿੰਗ ਸਟੈਂਡ ਦੀ ਖੁੱਲੀ ਬੋਲੀ ਦੀ ਰਾਸ਼ੀ 6000/- ਰੁਪਏ ਪ੍ਰਤੀ (ਸਮੇਤ ਜੀ.ਐਸ.ਟੀ) ਦਿਨ ਤੋਂ ਸ਼ੁਰੂ ਕੀਤੀ ਜਾਵੇਗੀ।
2) ਪਾਰਕਿੰਗ ਸਟੈਂਡ ਦੇ ਠੇਕੇ ਦੀ ਡੇਲੀਵੇਜ਼ ਦੀ ਰਾਸ਼ੀ ਜੋ ਵਿਅਕਤੀ ਵੱਧ ਅਦਾ ਕਰੇਗਾ ਉਸ ਨੂੰ ਠੇਕਾ ਦਿੱਤਾ ਜਾਵੇਗਾ।
3) ਸਭ ਤੋਂ ਵੱਧ ਰਾਸ਼ੀ ਦੀ ਬੋਲੀ ਦੇਣ ਵਾਲੇ ਠੇਕੇਦਾਰ ਵੱਲੋਂ 15 ਦਿਨਾਂ ਦੀ ਰਕਮ ਦੇ ਬਰਾਬਰ ਦੀ ਰਕਮ ਸਾਕਿਊਰਟਰੀ ਦੇ ਰੂਪ ਵਿੱਚ ਮੌਕੇ ਤੇ ਹੀ ਜਮ੍ਹਾਂ ਕਰਵਾਈ ਜਾਵੇਗੀ।
4) ਪਾਰਕਿੰਗ ਸਟੈਂਡ ਦੀ ਕਿਸ਼ਤ ਛੁੱਟੀ ਵਾਲੇ ਦਿਨ ਵੀ ਲਾਗੂ ਹੋਵੇਗੀ।
5) ਸ਼ੁਰੂ ਵਿੱਚ ਇਸ ਕੰਮ ਦੀ ਮਿਆਦ 90 ਦਿਨ ਦੀ ਹੋਵੇਗੀ। ਜਿਸ ਦੇ ਨਾਮ ਤੇ ਪਾਰਕਿੰਗ ਸਟੈਂਡ ਦਾ ਠੇਕਾ ਜਾਰੀ ਹੋਵੇਗਾ, ਉਸ ਨੂੰ 90 ਦਿਨਾਂ ਦੀ ਕਿਸਤ ਮੈਡੀਕਲ ਸੁਪਰਡੈਂਟ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦੇ ਦਫਤਰ ਵਿਖੇ ਦੋ ਦਿਨਾਂ ਦੇ ਵਿੱਚ ਐਡਵਾਂਸ ਜਮ੍ਹਾਂ ਕਰਵਾਉਣੀ ਪਵੇਗੀ, ਜੇਕਰ ਇਹ ਰਕਮ ਜਮ੍ਹਾ ਨਹੀਂ ਹੋਈ ਤਾਂ ਉਸਨੂੰ ਕੰਮ ਕਰਨ ਦੀ ਆਗਿਆ ਨਹੀਂ ਹੋਵੇਗੀ।
6) ਲੋੜ ਪੈਣ ਤੇ ਠੇਕੇ ਦੀ ਮਿਆਦ ਦੋਵੇ ਧਿਰਾਂ ਦੀ ਸਹਿਮਤੀ ਨਾਲ ਅਗਲੇ ਤਿੰਨ ਮਹੀਨੇ ਲਈ ਵਧਾਈ ਜਾ ਸਕਦੀ ਹੈ, ਜਿਨ੍ਹਾਂ ਦੇ ਪੈਸੇ ਐਡਵਾਂਸ ਵਿੱਚ ਠੇਕਾ ਖਤਮ ਹੋਣ ਤੋਂ 15 ਦਿਨ ਪਹਿਲਾਂ ਜਮ੍ਹਾਂ ਕਰਵਾਉਣੇ ਹੋਣਗੇ।
7) ਸਟੈਂਡ ਤੇ ਸਾਈਕਲ/ਵਾਹਨ ਦੇ ਗਵਾਚਣ ਤੇ ਠੇਕੇਦਾਰ ਨੂੰ ਉਸ ਦੀ ਕੀਮਤ (ਜੋ ਰਜਿਸਟਰਾਰ, ਬੀ.ਐਫ.ਯੂ.ਐੱਚ.ਐੱਸ. ਵੱਲੋਂ ਬਣਾਈ ਕਮੇਟੀ ਨਿਸ਼ਚਿਤ ਕਰੇਗੀ) ਅਦਾ ਕਰਨੀ ਪਵੇਗੀ। ਇਸ ਵਿੱਚ ਪਾਸ ਹੋਲਡਰ ਵਹੀਕਲ ਵੀ ਸ਼ਾਮਿਲ ਹੋਣਗੇ।
8) ਬੋਲੀ ਵਿੱਚ ਹਿੱਸੇ ਲੈਣ ਵਾਲੇ ਬਿਨੈਕਾਰ ਨੂੰ ਹਿੱਸਾ ਲੈਣ ਲਈ 10,000/- ਰੁਪਏ ਜਮ੍ਹਾਂ ਕਰਵਾਉਣੇ ਪੈਣਗੇ ਜੋ ਕਿ ਬੋਲੀ ਖਤਮ ਹੋਣ ਉਪਰੰਤ ਮੋੜ ਦਿੱਤੇ ਜਾਣਗੇ ਅਤੇ ਸਫਲ ਬੋਲੀਕਾਰ ਵੱਲੋਂ ਜਮਾਂ ਕਰਵਾਈ ਗਈ ਰਕਮ ਉਸ ਵੱਲੋਂ ਦਿੱਤੀ ਜਾਣ ਵਾਲੀ ਰਕਮ ਵਿੱਚ ਅਡਜਸਟ ਕਰ ਲਈ ਜਾਵੇਗੀ।
9) ਪਾਰਕਿੰਗ ਦੀ ਜਗ੍ਹਾ ਠੇਕੇਦਾਰ ਨੂੰ ਉਕਤ ਸਟੈਂਡ ਵਾਸਤੇ ਥਾਂ ਹੇਠ ਲਿਖੇ ਅਨੁਸਾਰ ਦਿੱਤੀ ਜਾਵੇਗੀ:-
   - ਹਸਪਤਾਲ ਦੇ ਮੁੱਖ ਦੁਆਰ (ਚੜਦੇ ਵਾਸੇ ਵੱਲ) ਜਿੱਥੇ ਮੌਜੂਦਾ ਸਟੈਂਡ ਹੈ।
   - ਐਮਰਜੈਂਸੀ ਵਿਭਾਗ ਦੇ ਸਾਹਮਣੇ ਵਾਲੀ ਥਾਂ।
   - ਆਕਸੀਜਨ ਪਲਾਂਟ ਵਾਲੇ ਪਾਸੇ ਕੈਂਸਰ ਵਿਭਾਗ ਦੇ ਨਾਲ ਵਾਲੇ ਗੇਟ ਤੇ।
   - ਨਵੇਂ ਓ.ਪੀ.ਡੀ. ਬਲਾਕ ਦੇ ਸਾਹਮਣੇ/ ਨਾਲ ਵਾਲੀ ਜਗ੍ਹਾ।
   - ਡੀ-ਅਡਿਕਸਨ ਸੈਂਟਰ ਦੀ ਪਾਰਕਿੰਗ ਵਾਲੀ ਜਗ੍ਹਾ।
   - ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਦੀ ਬਿਲਡਿੰਗ ਵਿਖੇ ਪਾਰਕਿੰਗ ਵਾਲੀ ਜਗ੍ਹਾ।

- ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਅਤੇ ਸੈਂਟਰਲ ਲਾਇਬ੍ਰੇਰੀ ਦੀ ਬਿਲਡਿੰਗ ਵਿਖੇ ਪਾਰਕਿੰਗ ਵਾਲੀ ਜਗ੍ਹਾ।

10) ਰਜਿਸਟਰਾਰ, ਬੀ.ਐਫ.ਯੂ.ਐੱਚ.ਐੱਸ. ਨੂੰ ਕਿਸੇ ਕਾਰਨ ਠੇਕੇ ਨੂੰ ਕਿਸੇ ਹੋਰ ਵਿਅਕਤੀ ਨੂੰ ਦੇਣ ਜਾ ਰੱਦ ਕਰਨ ਲਈ ਜਾਂ ਠੇਕੇ ਦਾ ਸਮਾਂ ਵਧਾਉਣ ਜਾਂ ਘਟਾਉਣ ਲਈ ਸਭ ਹੱਕ ਰਾਖਵੇਂ ਹਨ ਤੇ ਸਟੈਂਡ ਦੀ ਅਦਲਾ-ਬਦਲੀ ਕਰਨ ਦੇ ਹੱਕ ਵੀ ਹਨ।

11) ਠੇਕੇਦਾਰ ਮਰੀਜ਼ਾਂ ਜਾਂ ਉਨ੍ਹਾਂ ਦੇ ਰਿਸ਼ਤੇਦਾਰਾ/ਸਹਿਯੋਗੀਆਂ ਪਾਸੋਂ ਪਾਰਕਿੰਗ ਸਟੈਂਡ ਤੇ ਵਹੀਕਲ ਆਦਿ ਰੱਖਣ ਲਈ ਹੇਠ ਲਿਖੇ ਅਨੁਸਾਰ ਪੈਸੇ ਚਾਰਜ ਕਰਨਗੇ।

| ਲੜੀ ਨੰ. | ਵਾਹਨ ਦੀ ਕਿਸਮ | 24 ਘੰਟੇ ਦੌਰਾਨ (Full Day Token/Pass) Irrespective of Nos. of Trips or multiple entries) |
|---|---|---|
| 1 | ਸਾਈਕਲ | 5/- |
| 2 | ਸਕੂਟਰ/ਮੋਪਡ/ਮੋਟਰ ਸਾਈਕਲ | 10/- |
| 3 | ਕਾਰ/ਜੀਪ ਆਦਿ | 20/- |

ਨੋਟ:- ਇਹ ਚਾਰਜ 24 ਘੰਟਿਆਂ (8.00 ਸਵੇਰ ਤੋ ਅਗਲੇ ਦਿਨ ਸਵੇਰ 8.00 ਤੱਕ) ਲਈ ਲਾਗੂ ਹੋਣਗੇ। ਇੱਕ ਵਾਰ ਪਰਚੀ ਕੱਟਣ ਤੋਂ ਬਾਅਦ ਠੇਕੇਦਾਰ 24 ਘੰਟੇ ਦੌਰਾਨ ਉਕਤ ਤੈਅ ਦਰ੍ਹਾਂ ਤੋਂ ਇਲਾਵਾ ਚਾਰਜ ਨਹੀਂ ਕਰੇਗਾ। ਜਿਸ ਅਨੁਸਾਰ ਵਾਹਨ ਮਾਲਕ/ਚਾਲਕ ਨੂੰ 24 ਘੰਟੇ ਦੌਰਾਨ ਹਰ ਚੱਕਰ ਦੇ ਚਾਰਜ ਨਹੀਂ ਲੱਗਣਗੇ।

12) ਠੇਕੇਦਾਰ ਸਟੈਂਡ ਦੀ ਸਫਾਈ ਦਾ ਪੂਰਾ ਖਿਆਲ ਰੱਖੇਗਾ ਤੇ ਕਿਸੇ ਵੀ ਵਹੀਕਲ ਨੂੰ ਕੋਈ ਨੁਕਸਾਨ ਨਹੀਂ ਪਹੁੰਚਣ ਦੇਵੇਗਾ।

13) ਇਸ ਸਰਵਿਸ ਲਈ ਜੀ.ਐਸ.ਟੀ ਦੀ ਅਦਾਇਗੀ ਸਫਲ ਬੋਲੀਕਾਰ ਵੱਲੋਂ ਹੀ ਕੀਤੀ ਜਾਵੇਗੀ।

14) ਕਿਸੇ ਕਿਸਮ ਦਾ ਝਗੜਾ ਹੋਣ ਤੇ ਸੁਣਵਾਈ ਦਾ ਅਧਿਕਾਰ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈੱਲਥ ਸਾਇੰਸਿਜ਼, ਫਰੀਦਕੋਟ ਪਾਸ ਹੋਵੇਗਾ।

ਰਜਿਸਟਰਾਰ,
ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼,
ਫਰੀਦਕੋਟ।